# ਰਿਪੋਰਟ ਦਾ ਸੰਖੇਪ

ਅਮਰੀਕਨ ਇਤਿਹਾਸ ਵਿਚ ਅੱਗੇ ਨਾਲੋਂ ਕਿਤੇ ਜ਼ਿਆਦਾ ਇਮੀਗਰਾਂਟਾਂ ਨੂੰ ਕੈਦ ਕਰਨ ਵਾਲੀਆਂ ਥਾਂਵਾਂ ਵਿਚ ਰੱਖਿਆ ਜਾ ਰਿਹਾ ਹੈ। ਵਿੱਤੀ ਸਾਲ (FY) 2017 ਵਿਚ, ਯੂ.ਐੱਸ. ਇਮੀਗਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਦੱਸਿਆ ਕਿ ਨਵੀਂ ਕੈਦ ਸ਼ੁਰੂ ਕਰਨ ਲਈ ICE ਕਸਟੱਡੀ ਵਿਚ ਕੁੱਲ 323,591 ਵਿਅਕਤੀਆਂ ਨੂੰ ਬੁੱਕ ਕੀਤਾ ਗਿਆ ਸੀ, ਜੋ ਕਿ ਕੈਦ ਕਰਕੇ ਰੱਖਣ ਵਾਲੇ ਇਸ ਦੀਆਂ ਥਾਂਵਾਂ ਵਿਚ ਹਰ ਰੋਜ਼ ਦੀ ਔਸਤਨ 38,106 ਲੋਕਾਂ ਦੀ ਆਬਾਦੀ ਬਣਦੀ ਹੈ।[1] ਵਿੱਤੀ ਸਾਲ (FY) 2018 ਵਿਚ ਇਹ ਗਿਣਤੀ 22.5 ਪ੍ਰਤੀਸ਼ਤ ਵਧ ਕੇ ICE ਕਸਟੱਡੀ ਵਿਚ ਬੁੱਕ ਕੀਤੇ ਗਏ ਵਿਅਕਤੀਆਂ ਦੀ ਕੁੱਲ ਗਿਣਤੀ 396,448 ਹੋ ਗਈ ਹੈ।[2] ਪਿਛਲੇ ਤਿੰਨ ਸਾਲਾਂ ਦੌਰਾਨ, ਕੈਲੇਫੋਰਨੀਆ ਵਿਚ ਕੈਦ ਕਰਕੇ ਰੱਖਣ ਵਾਲੀਆਂ ਲੌਕਡ ਸਰਕਾਰੀ ਅਤੇ ਪ੍ਰਾਈਵੇਟ ਥਾਂਵਾਂ ਵਿਚ 150 ਤੋਂ ਜ਼ਿਆਦਾ ਦੇਸ਼ਾਂ ਦੇ 74,000 ਇਮੀਗਰੇਸ਼ਨ ਕੈਦੀ ਸਨ, ਜਿਨ੍ਹਾਂ ਵਿਚ ਜਵਾਨ ਲੋਕ ਵੀ ਸ਼ਾਮਲ ਸਨ। ਭਾਵੇਂ ਕਿ ਇਮੀਗਰੇਸ਼ਨ ਕੈਦੀਆਂ ਦੀ ਆਬਾਦੀ ਵਿਚ ਬੱਚੇ, ਔਰਤਾਂ, ਅਤੇ ਮਰਦ ਸਾਰੇ ਸ਼ਾਮਲ ਹਨ, ਪਰ ਕੈਲੇਫੋਰਨੀਆ ਵਿਚ ਰੱਖੇ ਜਾਣ ਵਾਲੇ ਬਹੁਤੇ ਕੈਦੀ 25 ਤੋਂ 34 ਸਾਲ ਦੀ ਉਮਰ ਦੇ ਮਰਦ ਹਨ ਜੋ ਕਿ ਮੈਕਸੀਕੋ, ਇੰਡੀਆ, ਗੁਆਟੇਮਾਲਾ, ਹੌਂਡੂਰਸ, ਜਾਂ ਐੱਲ ਸੈਲਵਾਡੋਰ ਤੋਂ ਹਨ, ਜੋ ਕਿ ਕਿਸੇ ਜੇਲ੍ਹ ਵਿਚ ਔਸਤ 51 ਦਿਨ ਗੁਜ਼ਾਰਦੇ ਹਨ। ਭਾਵੇਂ ਕਿ ਕੈਲੇਫੋਰਨੀਆ ਵਿਚ ਇਹ ਜ਼ਿਆਦਾ ਆਮ ਤਸਵੀਰ ਹੈ, ਪਰ ਆਪਣੇ ਰਿਵੀਊ ਰਾਹੀਂ, ਅਸੀਂ 13 ਸਾਲ ਦੇ ਬੱਚੇ ਅਤੇ 95 ਸਾਲਾਂ ਦੇ ਬਜ਼ੁਰਗ ਵੀ, ਅਰਮੀਨੀਆ, ਚੀਨ, ਫਰਾਂਸ, ਜਰਮਨੀ, ਘਾਨਾ, ਹੇਤੀ, ਆਇਰਲੈਂਡ, ਇਜ਼ਰਾਈਲ, ਇਟਲੀ, ਜਪਾਨ, ਨਾਈਜੀਰੀਆ, ਰੂਸ, ਸਪੇਨ, ਸਾਊਥ ਅਫਰੀਕਾ, ਸੀਰੀਆ, ਥਾਈਲੈਂਡ, ਅਤੇ ਯੂਨਾਈਟਿਡ ਕਿੰਗਡਮ ਤੋਂ ਇਮੀਗਰਾਂਟਾਂ ਵਜੋਂ ਦੇਖੇ ਹਨ ਅਤੇ ਕਈ ਤਾਂ ਕੈਦ ਵਾਲੀ ਇੱਕੋ ਥਾਂ ’ਤੇ 1,500 ਦਿਨਾਂ (4 ਸਾਲ ਤੋਂ ਜ਼ਿਆਦਾ ਸਮੇਂ) ਤੱਕ ਰਹੇ ਹਨ।

ਕੈਲੇਫੋਰਨੀਆ ਵਿਚ ਇਮੀਗਰੇਸ਼ਨ ਕੈਦੀ ICE ਦੀ ਕਸਟੱਡੀ ਵਿਚ ਤਿੰਨ ਮੁੱਖ ਤਰੀਕਿਆਂ ਰਾਹੀਂ ਆਉਂਦੇ ਹਨ। ਉਹ ਇਨ੍ਹਾਂ ਵਿੱਚੋਂ ਹੋ ਸਕਦੇ ਹਨ: (1) ਬਾਰਡਰ ’ਤੇ ਗ੍ਰਿਫਤਾਰ ਕੀਤੇ ਗਏ ਜਾਂ ਆਪਣੇ ਆਪ ਨੂੰ ਕਸਟਮਜ਼ ਐਂਡ ਬੌਰਡਰ ਪ੍ਰੋਟੈਕਸ਼ਨ (CBP) ਦੇ ਹਵਾਲੇ ਕਰਨ ਵਾਲੇ (2) ਯੂਨਾਈਟਿਡ ਸਟੇਟਸ ਵਿਚ ਕੁਝ ਸਮੇਂ ਤੋਂ ਆਗਿਆ ਨਾਲ ਜਾਂ ਆਗਿਆ ਤੋਂ ਬਿਨਾਂ ਹੋਣ ਤੋਂ ਬਾਅਦ ਦੇਸ਼ ਦੇ ਅੰਦਰੂਨੀ ਇਲਾਕਿਆਂ ਵਿਚ ICE ਵਲੋਂ ਗ੍ਰਿਫਤਾਰ ਕੀਤੇ ਗਏ, ਜਾਂ (3) ਲੋਕਲ, ਸਟੇਟ ਜਾਂ ਫੈਡਰਲ ਕ੍ਰਿਮੀਨਲ ਕਸਟੱਡੀ ਤੋਂ ਆਪਣੀ ਰਿਹਾਈ ਦੇ ਸਮੇਂ ICE ਵਲੋਂ ਹਿਰਾਸਤ ਵਿਚ ਲਏ ਗਏ। ਇਨ੍ਹਾਂ ਵਿੱਚੋਂ ਕੁਝ ਲੋਕ ਇਸ ਕਰਕੇ ਕੈਦ ਕੀਤੇ ਗਏ ਹਨ ਕਿਉਂਕਿ ਉਹ ਫਰਾਰ ਹੋਣ ਦੇ ਖਤਰੇ ਵਾਲੇ ਜਾਂ ਕਮਿਊਨਟੀ ਲਈ ਖਤਰਾ ਸਮਝੇ ਗਏ ਸਨ। ਹੋਰਨਾਂ ਨੂੰ ਇਸ ਕਰਕੇ ਕੈਦ ਕੀਤਾ ਗਿਆ ਹੈ ਕਿਉਂਕਿ ਉਹ ਆਰਡਰ ਕੀਤੇ ਗਏ ਬੌਂਡ ਦੀ ਰਕਮ ਨਹੀਂ ਦੇ ਸਕਦੇ ਸਨ, ਜਾਂ ਉਹ ਆਉਣ ਵਾਲੇ ਏਲੀਅਨ (ਬਦੇਸ਼ੀਆਂ) ਵਜੋਂ ਬੌਂਡ ਲਈ ਕਾਨੂੰਨੀ ਤੌਰ ’ਤੇ ਅਯੋਗ ਹਨ, ਜਿਸ ਵਿਚ ਸ਼ਰਨ ਮੰਗਣ ਵਾਲੇ ਜਾਂ ਪਹਿਲਾਂ ਹੋਈਆਂ ਕੁਝ ਖਾਸ ਮੁਜਰਮਾਨਾ ਸਜ਼ਾਵਾਂ ਵਾਲੇ ਵੀ ਸ਼ਾਮਲ ਸਨ। ਅੰਤਿਮ ਨਤੀਜਾ ਬਹੁਤ ਸਾਰੇ ਇਮੀਗਰਾਂਟਾਂ ਦਾ ਇਹ ਗੱਲ ਜਾਣੇ ਬਿਨਾਂ ਬਹੁਤ ਹੀ ਬੰਦਸ਼ਾਂ ਵਾਲੇ ਮਾਹੌਲ ਵਿਚ ਕੈਦੀ ਬਣਨ ਵਿਚ ਨਿਕਲਿਆ ਹੈ ਕਿ ਉਹ ਫਰਾਰ ਹੋਣ ਦੇ ਖਤਰੇ ਵਾਲੇ ਜਾਂ ਕਮਿਊਨਟੀ ਲਈ ਖਤਰਾ ਪੈਦਾ ਕਰਦੇ ਸਨ।

ਫੈਡਰਲ ਸਰਕਾਰ ਸਾਰੇ ਯੂਨਾਈਟਿਡ ਸਟੇਟਸ ਵਿਚ ਸਿਵਲ ਇਮੀਗਰੇਸ਼ਨ ਕੈਦੀਆਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਥਾਂਵਾਂ ਵਿਚ ਕੈਦ ਕਰਕੇ ਰੱਖਦੀ ਹੈ, ਜਿਸ ਵਿਚ ਕੈਲੇਫੋਰਨੀਆ ਵਿਚਲੀਆਂ ਕੈਦ ਕਰਕੇ ਰੱਖਣ ਵਾਲੀਆਂ ਲੌਕਡ ਸਰਕਾਰੀ ਅਤੇ ਪ੍ਰਾਈਵੇਟ ਥਾਂਵਾਂ ਵੀ ਸ਼ਾਮਲ ਹਨ। ਭਾਵੇਂ ਕਿ ਸਰਕਾਰੀ ਅਤੇ ਪ੍ਰਾਈਵੇਟ ਥਾਂਵਾਂ ਆਪਣੇ ਰੋਜ਼ਮਰਾ ਦੇ ਪ੍ਰਬੰਧਾਂ ਨੂੰ ਕੰਟਰੋਲ ਕਰਦੀਆਂ ਹਨ, ਪਰ ਇਹ ਫੈਸਲਾ ਫੈਡਰਲ ਸਰਕਾਰ ਕਰਦੀ ਹੈ ਕਿ ਕਿਸ ਨੂੰ ਕੈਦ ਕੀਤਾ ਜਾਣਾ ਹੈ ਅਤੇ ਕੈਦ ਵਾਲੀ ਕਿਹੜੀ ਥਾਂ ’ਤੇ ਰੱਖਿਆ ਜਾਣਾ ਹੈ। AB 103 ਰਾਹੀਂ, ਕੈਲੇਫੋਰਨੀਆ ਲੈਜਿਸਲੇਚਰ ਨੇ ਕੈਦ ਦੀਆਂ ਹਾਲਤਾਂ ਬਾਰੇ ਜ਼ਿਆਦਾ ਪਾਰਦਰਸ਼ਤਾ ਪ੍ਰਦਾਨ ਕੀਤੇ ਜਾਣ ਲਈ ਅਟਾਰਨੀ ਜਨਰਲ ਨੂੰ ਇਨ੍ਹਾਂ ਥਾਂਵਾਂ ਦਾ ਰਿਵੀਊ ਕਰਨ ਲਈ ਆਖਿਆ ਹੈ, ਜਿਸ ਵਿਚ ਇਹ ਪਤਾ ਲਾਉਣਾ ਵੀ ਸ਼ਾਮਲ ਹੈ ਕਿ ਇਹ ਹਾਲਤਾਂ ਕਿਵੇਂ ਇਨਸਾਫ ਦੇ ਕਾਰਜ ’ਤੇ ਅਸਰ ਪਾਉਂਦੀਆਂ ਹਨ, ਅਤੇ ਕੈਦ ਨਾਲ ਸੰਬੰਧਤ ਸਥਿਤੀਆਂ ਕੀ ਹਨ ਅਤੇ ਇਸ ਦੇ ਨਾਲ ਨਾਲ ਕੈਲੇਫੋਰਨੀਆ ਵਿਚ ਕੈਦ ਵਾਲੀਆਂ ਥਾਂਵਾਂ ਵਿਚ ਤਬਦੀਲੀਆਂ ਦਾ ਰਿਵੀਊ ਕਰਨ ਲਈ ਕਿਹਾ ਹੈ। ਇਨ੍ਹਾਂ ਰਿਵੀਊਜ਼ ਤੋਂ ਬਿਨਾਂ, ਕੈਲੇਫੋਰਨੀਆ ਵਿਚ ਇਮੀਗਰੇਸ਼ਨ ਕੈਦੀਆਂ ਨਾਲ ਸਲੂਕ ਦੇ ਸੰਬੰਧ ਵਿਚ ਸਰਕਾਰੀ ਤੌਰ ’ਤੇ ਉਪਲਬਧ ਜਾਣਕਾਰੀ ਸੰਖੇਪ ਅਤੇ ਆਪਾ ਵਿਰੋਧੀ ਹੈ।

[1] U.S. Immigration and Customs Enforcement, Fiscal Year 2018 ICE Enforcement and Removal Operations Report ਸਫਾ 8 <https://www.ice.gov/doclib/about/offices/ero/pdf/eroFY2018Report.pdf> [23 ਜਨਵਰੀ, 2019 ਤੋਂ]; U.S. Immigration and Customs Enforcement, Dept. of Homeland Security, Budget Overview Fiscal Year 2019 Congressional Justification, ਸਫਾ 5 <https://www.dhs.gov/sites/default/files/publications/U.S.%20Immigration%20and%20Customs%20Enforcement.pdf> [23 ਜਨਵਰੀ, 2019 ਤੋਂ].

[2] Id.

ਇਸ ਮੁਢਲੀ ਰਿਪੋਰਟ ਲਈ Cal DOJ ਨੇ AB 103 ਦੇ ਕਾਨੂੰਨ ਬਣ ਜਾਣ ਤੋਂ ਬਾਅਦ ਇਮੀਗਰੇਸ਼ਨ ਕੈਦੀਆਂ ਨੂੰ ਰੱਖੇ ਜਾਣ ਵਾਲੀਆਂ ਸਾਰੀਆਂ ਦਸ ਥਾਂਵਾਂ ਵਿਚ ਇਕ ਇਕ ਦਿਨ ਦੀਆਂ ਫੇਰੀਆਂ ਮਾਰੀਆਂ ਹਨ।[3]

1. **Adelanto ਪ੍ਰੋਸੈਸਿੰਗ ਸੈਂਟਰ (Adelanto)** ਜੋ ਕਿ GEO Group, Inc. ਵਲੋਂ Adelanto ਸ਼ਹਿਰ ਨਾਲ ਇਕ ਸਬਕੌਨਟਰੈਕਟ ਰਾਹੀਂ ਚਲਾਈ ਜਾਂਦੀ ਇਕ ਪ੍ਰਾਈਵੇਟ ਥਾਂ ਹੈ;
2. **ਇਮਪੀਰੀਅਲ ਰੀਜਨਲ ਡਿਟੈਨਸ਼ਨ ਫਾਸਿਲਟੀ (ਇਮਪੀਰੀਅਲ)**, ਇਕ ਪ੍ਰਾਈਵੇਟ ਥਾਂ ਹੈ ਜੋ ਕਿ ਮੈਨੇਜਮੈਂਟ ਟਰੇਨਿੰਗ ਕਾਰਪੋਰੇਸ਼ਨ ਵਲੋਂ Holtville ਸ਼ਹਿਰ ਨਾਲ ਇਕ ਸਬਕੌਨਟਰੈਕਟ ਰਾਹੀਂ ਚਲਾਈ ਜਾਂਦੀ ਹੈ;
3. **James A. Musick ਫਾਸਿਲਟੀ (James Musick)** ਕਾਉਂਟੀ ਦੀ ਇਕ ਜੇਲ੍ਹ ਹੈ ਜੋ ਕਿ Orange ਕਾਉਂਟੀ ਸ਼ੈਰਿਫ ਦੇ ਡਿਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ;
4. **Mesa Verde ICE ਪ੍ਰੋਸੈਸਿੰਗ ਫਾਸਿਲਟੀ (Mesa Verde)** ਇਕ ਪ੍ਰਾਈਵੇਟ ਥਾਂ ਹੈ ਜੋ ਕਿ GEO Group, Inc. ਵਲੋਂ McFarland ਸ਼ਹਿਰ ਨਾਲ ਇਕ ਸਬਕੌਨਟਰੈਕਟ ਰਾਹੀਂ ਚਲਾਈ ਜਾਂਦੀ ਹੈ (ਦਸੰਬਰ 2018 ਵਿਚ ਸ਼ਹਿਰ ਨੇ ਮਾਰਚ 2019 ਤੋਂ ICE ਨਾਲ ਆਪਣਾ ਕੌਨਟਰੈਕਟ ਖਤਮ ਕਰਨ ਦੇ ਇਰਾਦੇ ਬਾਰੇ ਦੱਸਿਆ ਹੈ);
5. **Otay Mesa ਡਿਟੈਨਸ਼ਨ ਸੈਂਟਰ (Otay Mesa)** ਇਕ ਪ੍ਰਾਈਵੇਟ ਥਾਂ ਹੈ ਜੋ ਕਿ CoreCivic (ਜਿਸ ਨੂੰ ਪਹਿਲਾਂ ਕੋਰੈਕਸ਼ਨਜ਼ ਕਾਰਪੋਰੇਸ਼ਨ ਔਫ ਅਮੈਰੇਕਾ ਆਖਿਆ ਜਾਂਦਾ ਸੀ) ਵਲੋਂ ਚਲਾਈ ਜਾਂਦੀ ਹੈ ਜੋ ਕਿ ਸਿੱਧਾ ਫੈਡਰਲ ਸਰਕਾਰ ਨਾਲ ਕੌਨਟਰੈਕਟ ਕਰਦੀ ਹੈ;
6. **Rio Cosumnes ਕੋਰੈਕਸ਼ਨਲ ਸੈਂਟਰ (Rio Cosumnes)** ਇਕ ਕਾਉਂਟੀ ਜੇਲ੍ਹ ਹੈ ਜੋ ਕਿ Sacramento ਕਾਉਂਟੀ ਸ਼ੈਰਿਫ ਦੇ ਡਿਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ (ICE ਨਾਲ ਕੌਨਟਰੈਕਟ ਕਾਉਂਟੀ ਵਲੋਂ ਜੂਨ 2018 ਵਿਚ ਖਤਮ ਕਰ ਦਿੱਤਾ ਗਿਆ ਸੀ);
7. **Theo Lacy ਫਾਸਿਲਟੀ (Theo Lacy)** ਇਕ ਕਾਉਂਟੀ ਜੇਲ੍ਹ ਹੈ ਜੋ ਕਿ Orange ਕਾਉਂਟੀ ਸ਼ੈਰਿਫ ਦੇ ਡਿਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ;
8. **West County ਡਿਟੈਨਸ਼ਨ ਫਾਸਿਲਟੀ (West County)** ਇਕ ਕਾਉਂਟੀ ਜੇਲ੍ਹ ਹੈ ਜੋ ਕਿ Contra Costa ਕਾਉਂਟੀ ਆਫਿਸ ਦੇ ਸ਼ੈਰਿਫ ਦੇ ਦਫਤਰ ਵਲੋਂ ਚਲਾਈ ਜਾਂਦੀ ਹੈ (ICE ਨਾਲ ਕੌਨਟਰੈਕਟ ਸ਼ੈਰਿਫ ਵਲੋਂ ਜੁਲਾਈ 2018 ਵਿਚ ਖਤਮ ਕਰ ਦਿੱਤਾ ਗਿਆ ਸੀ);
9. **Yolo ਕਾਉਂਟੀ ਜੁਵਨਾਇਲ ਡਿਟੈਨਸ਼ਨ ਫਾਸਿਲਟੀ (Yolo)** ਕਾਉਂਟੀ ਦੀ ਨੌਜਵਾਨਾਂ ਲਈ ਜੇਲ੍ਹ ਹੈ ਜੋ ਕਿ Yolo ਕਾਉਂਟੀ ਦੇ ਪ੍ਰੋਬੇਸ਼ਨ ਡਿਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ; ਅਤੇ
10. **Yuba ਕਾਉਂਟੀ ਜੇਲ੍ਹ (Yuba)** ਇਕ ਕਾਉਂਟੀ ਜੇਲ੍ਹ ਹੈ ਜੋ ਕਿ Yuba ਕਾਉਂਟੀ ਦੇ ਸ਼ੈਰਿਫ ਦੇ ਡਿਪਾਰਟਮੈਂਟ ਵਲੋਂ ਚਲਾਈ ਜਾਂਦੀ ਹੈ।

ਇਹ ਰਿਪੋਰਟ ਕੈਦ ਕਰਕੇ ਰੱਖਣ ਵਾਲੀਆਂ ਦਸ ਥਾਂਵਾਂ ਦੀਆਂ ਇਕ ਇਕ ਦਿਨ ਦੀਆਂ ਫੇਰੀਆਂ ਦਾ ਅੱਖੀਂ ਡਿੱਠਾ ਹਾਲ ਬਿਆਨ ਕਰਦੀ ਹੈ ਅਤੇ ਸਰਕਾਰੀ ਤੌਰ 'ਤੇ ਚਲਾਈਆਂ ਜਾਂਦੀਆਂ ਤਿੰਨ ਥਾਂਵਾਂ: (1) Yolo, (2) Theo Lacy, ਅਤੇ (3) West County ਦਾ ਮੁਕੰਮਲ ਰਿਵੀਊ ਪੇਸ਼ ਕਰਦੀ ਹੈ। ਰਿਵੀਊ ਨੂੰ ਕੁਝ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪਿਆ। ਉਦਾਹਰਣ ਲਈ, ਪ੍ਰਾਈਵੇਟ ਥਾਂਵਾਂ ਨੇ ਪਹਿਲਾਂ ਸਾਡੀਆਂ ਫੇਰੀਆਂ ਦਾ ਵਿਰੋਧ ਕੀਤਾ; ਫੈਡਰਲ ਸਰਕਾਰ ਨੇ ਇਕ ਕਾਨੂੰਨੀ ਐਕਸ਼ਨ ਵਿਚ AB 103 ਦੀ ਅਥਾਰਟੀ ਨੂੰ ਚੁਣੌਤੀ

---

[3] ਸਿਵਲ ਕੋਡ ਦੇ ਸੈਕਸ਼ਨ 1670.9 ਵਜੋਂ ਸੂਚੀਬੱਧ ਕੀਤੇ ਗਏ ਸੈਨਟ ਬਿੱਲ 29 (SB 29) ਅਨੁਸਾਰ 1 ਜਨਵਰੀ, 2018 ਤੋਂ, ਕੈਲੇਫੋਰਨੀਆ ਵਿਚ ਕੋਈ ਵੀ ਸ਼ਹਿਰ, ਕਾਉਂਟੀ, ਜਾਂ ਕਾਨੂੰਨ ਲਾਗੂ ਕਰਨ ਵਾਲੀ ਕੋਈ ਲੋਕਲ ਏਜੰਸੀ "ਸਿਵਲ ਇਮੀਗਰੇਸ਼ਨ ਕਸਟੱਡੀ ਦੇ ਮੰਤਵਾਂ ਲਈ ਗੈਰ-ਨਾਗਰਿਕਾਂ ਨੂੰ ਲੌਕ ਕਰਕੇ ਕੈਦ ਰੱਖਣ ਵਾਲੀ ਥਾਂ ਵਿਚ ਰੱਖਣ ਲਈ ਜਾਂ ਕੈਦ ਕਰਨ ਲਈ ਫੈਡਰਲ ਸਰਕਾਰ ਜਾਂ ਕਿਸੇ ਫੈਡਰਲ ਏਜੰਸੀ ਜਾਂ ਕਿਸੇ ਪ੍ਰਾਈਵੇਟ ਕਾਰਪੋਰੇਸ਼ਨ ਨਾਲ ਕੌਨਟਰੈਕਟ ਨਹੀਂ ਕਰ ਸਕਦੇ।" ਜਿਨ੍ਹਾਂ ਸਰਕਾਰੀ ਇੰਸਟੀਚਿਊਸ਼ਨਜ਼ ਕੋਲ ਸਿਵਲ ਇਮੀਗਰੇਸ਼ਨ ਕੈਦੀਆਂ ਨੂੰ ਕਸਟੱਡੀ ਪ੍ਰਦਾਨ ਕਰਨ ਲਈ ਮੌਜੂਦਾ ਕੌਨਟਰੈਕਟ ਹਨ, ਉਹ ਸਿਵਲ ਇਮੀਗਰੇਸ਼ਨ ਨਜ਼ਰਬੰਦੀ ਲਈ ਗੈਰ-ਨਾਗਰਿਕਾਂ ਦੀ ਕੈਦ ਲਈ ਬੈੱਡਾਂ ਦੀ ਵੱਧ ਤੋਂ ਵੱਧ ਗਿਣਤੀ ਵਿਚ ਵਾਧਾ ਨਹੀਂ ਕਰ ਸਕਦੀਆਂ।

ਦਿੱਤੀ ਜੋ ਕਿ ਕਾਮਯਾਬ ਨਾ ਹੋਈ; ਹਰ ਥਾਂ ਤੱਕ ਪਹੁੰਚ ਵੱਖ ਵੱਖ ਸੀ ਜੋ ਕਿ ਇਕ ਦਿਨ ਦੀ ਹਰ ਫੇਰੀ ਦੌਰਾਨ ICE ਦੇ ਸ਼ਮੂਲੀਅਤ ਦੇ ਪੱਧਰ ’ਤੇ ਨਿਰਭਰ ਸੀ; ਅਤੇ West County ਵਿਖੇ ਕੁਝ ਸਟਾਫ ਇੰਟਰਵਿਊ ਦੇਣ ਲਈ ਸਹਿਮਤ ਨਾ ਹੋਇਆ ਅਤੇ ICE ਨੇ ਸਾਡੀ ਟੀਮ ਦੀ ਫੇਰੀ ਤੋਂ ਕੁਝ ਦਿਨ ਪਹਿਲਾਂ ਕੈਦੀਆਂ ਨੂੰ ਤਬਦੀਲ ਕਰ ਦਿੱਤਾ।

ਇਸ ਰਿਪੋਰਟ ਨੂੰ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਇਹ ਪਿਛੋਕੜ ਦੱਸਦਾ ਹੈ ਕਿ ਇਮੀਗਰਾਂਟ– ਭਾਵੇਂ ਦਾਖਲੇ ਦੇ ਕਿਸੇ ਪੋਆਇੰਟ ’ਤੇ ਪਹੁੰਚੇ ਹੋਣ ਜਾਂ ਦਹਾਕਿਆਂ ਤੋਂ ਯੂਨਾਈਟਿਡ ਸਟੇਟਸ ਵਿਚ ਰਹਿੰਦੇ ਹੋਣ – ਕਿਵੇਂ ਅਤੇ ਕਿਉਂ ਇਮੀਗਰੇਸ਼ਨ ਡਿਟੈਨਸ਼ਨ ਸਿਸਟਮ ਵਿਚ ਦਾਖਲ ਹੁੰਦੇ ਹਨ; ਕੈਦ ਦੌਰਾਨ ਉਨ੍ਹਾਂ ਨੂੰ ਮਿਲਦੀਆਂ ਸੀਮਤ ਸੰਵਿਧਾਨਕ ਰਖਵਾਲੀਆਂ; ਅਤੇ ਕੈਦ ਦੇ ਮਿਆਰ ਜਿਹੜੇ ਕੈਲੇਫੋਰਨੀਆ ਵਿਚ ਕੈਦ ਰੱਖਣ ਵਾਲੀਆਂ ਥਾਂਵਾਂ ’ਤੇ ਲਾਗੂ ਹੁੰਦੇ ਹਨ। ਦੂਜਾ ਭਾਗ, ਕੈਦ ਰੱਖਣ ਵਾਲੀਆਂ ਸੱਤ ਥਾਂਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਾ ਹੈ, ਜਿਸ ਵਿਚ ਕੈਦੀਆਂ ਬਾਰੇ ਅੰਕੜੇ, ਰਹਿਣ ਦੀਆਂ ਹਾਲਤਾਂ, ਅਤੇ ਹਰ ਥਾਂ ਵਿਚ ਪਛਾਣੀਆਂ ਗਈਆਂ ਆਮ ਸਮੱਸਿਆਵਾਂ ਦੀ ਜਾਣਕਾਰੀ ਸ਼ਾਮਲ ਹੈ। ਤੀਜਾ ਭਾਗ ਕੈਦੀ ਰੱਖਣ ਵਾਲੀਆਂ ਬਾਕੀ ਬਚਦੀਆਂ ਤਿੰਨ ਥਾਂਵਾਂ ਦੇ ਪੂਰੇ ਰਿਵੀਊਜ਼ ਤੋਂ ਨਿਕਲੇ ਨਤੀਜੇ ਵਿਸਥਾਰ ਵਿਚ ਦੱਸਦਾ ਹੈ: (1) Yolo ਕਾਉਂਟੀ ਦੀ ਥਾਂ ਜਿਹੜੀ 13 ਤੋਂ 17 ਸਾਲ ਦੀ ਉਮਰ ਦੇ ਇਮੀਗਰਾਂਟ ਬੱਚਿਆਂ ਨੂੰ ਰੱਖਦੀ ਹੈ; (2) Theo Lacy ਕਾਉਂਟੀ ਦੀ ਜੇਲ੍ਹ ਜੋ ਬਾਲਗ ਇਮੀਗਰੇਸ਼ਨ ਕੈਦੀਆਂ ਨੂੰ ਰੱਖਦੀ ਹੈ; ਅਤੇ (3) West County ਕਾਉਂਟੀ ਦੀ ਜੇਲ੍ਹ ਜਿਹੜੀ ਬਾਲਗ ਇਮੀਗਰੇਸ਼ਨ ਮਰਦਾਂ ਅਤੇ ਔਰਤਾਂ ਕੈਦੀਆਂ ਨੂੰ ਰੱਖਦੀ ਹੈ, ਅਤੇ ਧਿਆਨ ਦਾ ਕੇਂਦਰ ਸਾਲ 2017 ਵਿਚ ਕੈਦ ਕੀਤੀਆਂ ਗਈਆਂ ਇਮੀਗਰੇਸ਼ਨ ਔਰਤਾਂ ਨਾਲ ਬੁਰੇ ਵਰਤਾਉ ਦੇ ਇਲਜ਼ਾਮਾਂ ਨੂੰ ਬਣਾਇਆ ਗਿਆ ਸੀ। ਹਰ ਵੱਡੇ ਰਿਵੀਊ ਵਿਚ ਦਿੱਤੀ ਗਈ ਜਾਣਕਾਰੀ, ਹਰ ਥਾਂ ਦੇ ਵੱਖਰੇ ਪੱਖਾਂ, ਕੰਮ ਕਰਨ ਦੇ ਫਰਕਾਂ, ਅਤੇ ਵੱਖੋ ਵੱਖਰੀਆਂ ਆਬਾਦੀਆਂ ਕਾਰਨ ਵੱਖੋ ਵੱਖਰੀ ਹੈ। ਕੈਲੇਫੋਰਨੀਆ ਭਰ ਵਿਚ ਇਮੀਗਰੇਸ਼ਨ ਕੈਦੀਆਂ ਨੂੰ ਜਿਨ੍ਹਾਂ ਹਾਲਤਾਂ ਵਿਚ ਰੱਖਿਆ ਜਾ ਰਿਹਾ ਹੈ, ਉਸ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਤੋਂ ਅਗਾਂਹ, ਥਾਂਵਾਂ ਦੇ ਮੁਕੰਮਲ ਰਿਵੀਊ, ਇਨ੍ਹਾਂ ਥਾਂਵਾਂ ਵਿਚ ਰੱਖੇ ਗਏ ਇਮੀਗਰਾਂਟ ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਖਾਸ ਲੋੜਾਂ ਅਤੇ ਚੁਣੌਤੀਆਂ ਨੂੰ ਉਜਾਗਰ ਕਰਦੇ ਹਨ। Cal DOJ ਨੇ ਵੱਡੇ ਪੱਧਰ ’ਤੇ ਰਿਵੀਊ ਕੀਤੀਆਂ ਗਈਆਂ ਤਿੰਨ ਥਾਂਵਾਂ ਦੇ ਮੁੱਖ ਨਤੀਜੇ ਹਰ ਇਕ ਥਾਂ ਨੂੰ ਦਿੱਤੇ ਅਤੇ ਇਹ ਥਾਂਵਾਂ ਰਿਪੋਰਟ ਦੇ ਛਪਣ ਤੋਂ ਬਾਅਦ ਜਵਾਬ ਦੇਣਾ ਚਾਹੁੰਦੀਆਂ ਹੋ ਸਕਦੀਆਂ ਹਨ।

ਸਾਡੇ ਰਿਵੀਊ ਤੋਂ ਇਹ ਪਤਾ ਲੱਗਾ ਕਿ ਕੈਦੀਆਂ ਦੇ ਤਜਰਬੇ ਇਕ ਥਾਂ ਵਿਚ ਅਤੇ ਦੂਜੀਆਂ ਥਾਂਵਾਂ ਵਿਚ ਵੱਖੋ ਵੱਖਰੇ ਹਨ। ਪਰ, ਕਈ ਥਾਂਵਾਂ ਦੇ ਸਾਂਝੇ ਮਸਲੇ ਇਹ ਹਨ:

- **ਆਜ਼ਾਦੀ ’ਤੇ ਪਾਬੰਦੀਆਂ:** ਕੈਲੇਫੋਰਨੀਆ ਵਿਚਲੇ ਇਮੀਗਰੇਸ਼ਨ ਕੈਦੀਆਂ ਨੂੰ, ਭਾਵੇਂ ਉਹ ਜੇਲ੍ਹਾਂ ਵਿਚ ਹਨ ਜਾਂ ਪ੍ਰਾਈਵੇਟ ਥਾਂਵਾਂ ਵਿਚ ਹਨ, ਘੁੰਮਣ ਫਿਰਨ ਦੀ ਬਹੁਤ ਹੀ ਸੀਮਤ ਆਜ਼ਾਦੀ ਹੈ। ਕੁਝ ਕੈਦੀਆਂ ਨੂੰ ਦਿਨ ਵਿਚ 22 ਘੰਟਿਆਂ ਲਈ ਸੈੱਲਾਂ ਵਿਚ ਕੈਦ ਰੱਖਿਆ ਜਾਂਦਾ ਹੋ ਸਕਦਾ ਹੈ, ਜਦ ਕਿ ਡੌਰਮੀਟੋਰੀ-ਸਟਾਇਲ ਦੀ ਰਿਹਾਇਸ਼ ਵਿਚ ਰੱਖੇ ਗਏ ਦੂਜਿਆਂ ਕੈਦੀਆਂ ਨੂੰ ਆਪਣੇ ਰਿਹਾਇਸ਼ੀ ਯੂਨਿਟਾਂ ਵਿਚ ਘੁੰਮਣ ਫਿਰਨ ਦੀ ਜ਼ਿਆਦਾ ਖੁਲ੍ਹ ਹੈ। ਥਾਂਵਾਂ ਵਲੋਂ ਤਾਕਤ ਦੀ ਵਰਤੋਂ ਅਤੇ ਤਲਾਸ਼ੀ ਲੈਣ ਦੀਆਂ ਪਾਲਸੀਆਂ, ਅਤੇ ਸਖਤ ਅਨੁਸਾਸ਼ਨੀ ਕਾਰਵਾਈਆਂ ਵੀ ਕੈਦੀ ਦੀ ਆਜ਼ਾਦੀ ’ਤੇ ਅਸਰ ਪਾਉਂਦੀਆਂ ਹਨ, ਕਦੇ ਕਦੇ ਜਿਸ ਦਾ ਨਤੀਜਾ ਅਜਿਹੀਆਂ ਪਾਬੰਦੀਆਂ ਵਿਚ ਨਿਕਲਦਾ ਹੈ ਜਿਹੜੀਆਂ ਕੈਦੀਆਂ ਦੇ ਪਿਛੋਕੜਾਂ ਅਤੇ ਉਨ੍ਹਾਂ ਦੀ ਕੈਦ ਦੇ ਮੰਤਵਾਂ ਦੇ ਸੰਬੰਧ ਵਿਚ ਬੇਲੋੜੀਆਂ ਸਖਤ ਹਨ, ਜਾਂ ਇਮੀਗਰੇਸ਼ਨ ਕੈਦੀਆਂ ਦੀ ਇਧਰ ਉਧਰ ਜਾਣ ਦੀ ਉਨ੍ਹਾਂ ਦੀ ਆਜ਼ਾਦੀ ਦੀ ਧਾਰਨਾ ਉੱਪਰ ਡਰਾਉਣਾ ਅਸਰ ਪਾਉਂਦੀਆਂ ਹਨ।

- **ਬੋਲੀ ਦੀਆਂ ਰੁਕਾਵਟਾਂ:** ਕੈਲੇਫੋਰਨੀਆ ਵਿਚ, ਇਮੀਗਰੇਸ਼ਨ ਕਸਟੱਡੀ ਵਿਚ ਰੱਖੇ ਗਏ ਬਹੁਗਿਣਤੀ ਵਿਅਕਤੀਆਂ ਦੀ ਪਹਿਲੀ ਜ਼ਬਾਨ ਅੰਗਰੇਜ਼ੀ ਨਹੀਂ ਹੈ। ਭਾਵੇਂ ਕਿ ਜਾਣਕਾਰੀ ਦੇਣ ਵਾਲੀ ਕੁਝ ਸਾਮੱਗਰੀ ਅਤੇ ਪੋਸਟਿੰਗਜ਼ ਅੰਗਰੇਜ਼ੀ ਅਤੇ ਸਪੈਨਿਸ਼ ਵਿਚ ਉਪਲਬਧ ਹੋ ਸਕਦੀਆਂ ਹਨ, ਅਤੇ ਬਹੁਤ ਸਾਰੀਆਂ ਥਾਂਵਾਂ ਵਿਚ ਸਪੈਨਿਸ਼ ਬੋਲਦਾ ਸਟਾਫ ਹੈ, ਕਿਸੇ ਵੀ ਥਾਂ ਵਿਚ ਅਜਿਹਾ ਸਟਾਫ ਨਹੀਂ ਹੈ ਜਿਹੜਾ ਇਮੀਗਰੇਸ਼ਨ ਕੈਦੀਆਂ ਵਲੋਂ ਬੋਲੀਆਂ ਜਾਂਦੀਆਂ ਸਾਰੀਆਂ ਜ਼ਬਾਨਾਂ ਵਿਚ ਗੱਲ ਕਰਨ ਦੇ ਯੋਗ ਹੋਵੇ। ਦੋਭਾਸ਼ੀ ਸਟਾਫ ਦੀ ਘਾਟ ਅਤੇ ਬੋਲੀ ਦੀਆਂ ਬਦਲਵੀਂਆਂ ਸੇਵਾਵਾਂ ਤੱਕ ਪਹੁੰਚ ਕਰਨ ਵਿਚ ਫੇਲ੍ਹ ਹੋਣਾ, ਕੈਦੀਆਂ ਨੂੰ ਥਾਂ ਦੇ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਸਟਾਫ ਦੀ ਸਮਰੱਥਾ ਅਤੇ ਉਨ੍ਹਾਂ ਨਿਯਮਾਂ ਨੂੰ ਸਮਝਣ ਲਈ ਕੈਦੀਆਂ ਦੀ ਸਮਰੱਥਾ ਦੋਨਾਂ ਵਿਚ ਵਿਘਨ ਪਾਉਂਦਾ ਹੈ। ਇਹ ਸਟਾਫ ਵਲੋਂ ਅਨੁਸਾਸ਼ਨੀ ਕਾਰਵਾਈ ਜਾਂ ਅਜਿਹੇ ਵਰਤਾਉ ਦਾ ਕਾਰਨ ਬਣ ਸਕਦਾ ਹੈ ਜਿਹੜਾ ਆਪਹੁਦਰਾ ਅਤੇ ਅਪਮਾਨਜਨਕ ਦਿਖਾਈ ਦਿੰਦਾ ਹੈ ਅਤੇ ਥਾਂਵਾਂ ਨੂੰ ਕੈਦੀਆਂ ਦੀਆਂ ਜਾਇਜ਼ ਲੋੜਾਂ ਪੂਰੀਆਂ ਕਰਨ ਤੋਂ ਰੋਕਦਾ ਹੈ। ਇਹ ਭੇਤਦਾਰੀ ਨਾਲ ਵੀ ਸਮਝੌਤਾ ਕਰਦਾ ਹੈ ਕਿਉਂਕਿ ਸਟਾਫ ਨਾਲ ਗੱਲ ਕਰਨ ਲਈ ਕੈਦੀਆਂ ਨੂੰ ਦੂਜੇ ਕੈਦੀਆਂ ’ਤੇ ਨਿਰਭਰ ਹੋਣਾ ਪੈਂਦਾ ਹੈ।

- **ਮੈਡੀਕਲ ਅਤੇ ਮੈਂਟਲ ਹੈਲਥ ਕੇਅਰ ਦੀਆਂ ਸਮੱਸਿਆਵਾਂ:** ਭਾਵੇਂ ਕਿ ਮੈਡੀਕਲ ਅਤੇ ਮੈਂਟਲ ਹੈਲਥ ਕੇਅਰ ਵੱਖ ਵੱਖ ਥਾਂਵਾਂ ਵਿਚ ਵੱਖੋ ਵੱਖਰੀ ਹੈ, ਜਿਹੜੀਆਂ ਸਾਂਝੀਆਂ ਸਮੱਸਿਆਵਾਂ ਦਾ ਅਸੀਂ ਪਤਾ ਲਾਇਆ ਉਨ੍ਹਾਂ ਵਿਚ ਸ਼ਾਮਲ ਹਨ, ਮੈਡੀਕਲ ਰਿਕਾਰਡ ਦੀ ਦਰੁਸਤੀ ਅਤੇ ਪਹੁੰਚਯੋਗਤਾ ਦੀ ਸਮੱਸਿਆ, ਨਰਸਾਂ ਆਪਣੀ ਪ੍ਰੈਕਟਿਸ ਦੇ ਕਾਨੂੰਨੀ ਖੇਤਰ ਤੋਂ ਬਾਹਰ ਪ੍ਰੈਕਟਿਸ ਕਰਦੀਆਂ ਹਨ, ਦਿਖਾਵੇ ਦੇ ਮੈਡੀਕਲ ਟੈੱਸਟ, ਦੇਰੀ ਨਾਲ ਜਾਂ ਅਢੁਕਵਾਂ ਇਲਾਜ, ਮੈਂਟਲ ਹੈਲਥ ਦੇ ਸਟਾਫ ਅਤੇ ਸੇਵਾਵਾਂ ਦਾ ਅਢੁਕਵਾਂ ਹੋਣਾ, ਅਤੇ ਆਤਮ ਹੱਤਿਆ 'ਤੇ ਅਸੁਰੱਖਿਅਤ ਨਿਗਰਾਨੀ ਅਤੇ ਅਨੁਸਾਸ਼ਨੀ ਅਲਹਿਦਗੀ (ਕੋਠੀ-ਬੰਦ) ਦੇ ਅਮਲ।

- **ਪਰਿਵਾਰ ਅਤੇ ਮਦਦ ਕਰਨ ਵਾਲੇ ਹੋਰ ਸਿਸਟਮਾਂ ਨਾਲ ਸੰਪਰਕ ਕਰਨ ਦੇ ਰਾਹ ਵਿਚ ਰੁਕਾਵਟਾਂ:** ਕੈਦ ਵਿਚ ਹੋਣ ਦੌਰਾਨ, ਕੈਦੀਆਂ ਲਈ ਪਰਿਵਾਰ ਅਤੇ ਦੋਸਤਾਂ ਨਾਲ ਸੰਪਰਕ ਕਰਨਾ ਔਖਾ ਹੈ। ਕੈਲੇਫੋਰਨੀਆ ਵਿਚ ਇਮੀਗਰਾਂਟ ਕੈਦੀਆਂ ਨੂੰ ਰੱਖਣ ਵਾਲੀਆਂ ਬਹੁਤੀਆਂ ਥਾਂਵਾਂ ਸਿਟੀ ਸੈਂਟਰਾਂ ਤੋਂ ਕਿਤੇ ਦੂਰ ਸਥਿਤ ਹਨ, ਜਿਨ੍ਹਾਂ ਤੱਕ ਪਬਲਿਕ ਟ੍ਰਾਂਸਪੋਰਟੇਸ਼ਨ ਦੀ ਸੀਮਤ ਪਹੁੰਚ ਹੈ। ਕਾਉਂਟੀ ਜੇਲ੍ਹ ਦੀ ਕੋਈ ਵੀ ਥਾਂ ਪਰਿਵਾਰ ਜਾਂ ਦੋਸਤਾਂ ਨਾਲ ਸਿੱਧੀ ਵਿਜ਼ਟ ਦੀ ਆਗਿਆ ਨਹੀਂ ਦਿੰਦੀ (ਮਿਲਣ ਆਉਣ ਵਾਲੇ ਅਤੇ ਕੈਦੀ ਵਿਚਕਾਰ ਸ਼ੀਸ਼ੇ ਦੀ ਕੰਧ ਤੋਂ ਬਿਨਾਂ)। ਫੋਨ ਕਾਲਾਂ ਲਈ ਮਿੱਥੇ ਹੋਏ ਸਮਿਆਂ, ਕਾਲਾਂ ਕਰਨ ਦੇ ਵੱਡੇ ਖਰਚਿਆਂ ਅਤੇ ਟੈਕਨੀਕਲ ਰੁਕਾਵਟਾਂ ਕਰਕੇ ਟੈਲੀਫੋਨ ਰਾਹੀਂ ਸੰਪਰਕ ਸੀਮਤ ਹੈ।

- **ਢੁਕਵੀਂ ਨੁਮਾਇੰਦਗੀ ਦੇ ਰਾਹ ਵਿਚ ਰੁਕਾਵਟਾਂ:** ਇਮੀਗਰੇਸ਼ਨ ਕਾਰਵਾਈਆਂ ਵਿਚਲੇ ਵਿਅਕਤੀਆਂ ਨੂੰ ਵਕੀਲ ਦਿੱਤੇ ਜਾਣ ਦਾ ਹੱਕ ਨਹੀਂ ਹੈ। ਵਕੀਲ ਕਰਨ ਜਾਂ ਆਪਣੇ ਆਪ ਦੀ ਸਹੀ ਤਰ੍ਹਾਂ ਨੁਮਾਇੰਦਗੀ ਕਰਨ ਲਈ ਕੈਦੀਆਂ ਨੂੰ ਕਈ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਕੈਲੇਫੋਰਨੀਆ ਵਿਚ ਕੈਦੀਆਂ ਨੂੰ ਰੱਖਣ ਵਾਲੀਆਂ ਸਾਰੀਆਂ ਥਾਂਵਾਂ ਕਾਨੂੰਨੀ ਜਾਣਕਾਰੀ ਦੇ ਇਕਸਾਰ ਪ੍ਰੋਗਰਾਮ ਨਹੀਂ ਦਿੰਦੀਆਂ, ਅਤੇ ਜਦੋਂ ਕੈਦੀ ਥਾਂਵਾਂ ਵਲੋਂ ਦੱਸੇ ਗਏ ਪ੍ਰੋ-ਬੋਨੋ ਕੌਂਸਲ ਮੈਂਬਰਾਂ ਨਾਲ ਸੰਪਰਕ ਕਰਨ ਦੇ ਯੋਗ ਹੁੰਦੇ ਹਨ, ਬਹੁਤ ਸਾਰੀਆਂ ਸੰਸਥਾਵਾਂ ਨਵੇਂ ਕਲਾਇੰਟ ਲੈਣ ਦੇ ਅਯੋਗ ਹੁੰਦੀਆਂ ਹਨ। ਇਸ ਤੋਂ ਵੀ ਅੱਗੇ, ਬਹੁਤ ਸਾਰੀਆਂ ਥਾਂਵਾਂ, ਵਕੀਲ ਜਾਂ ਸਲਾਹ ਮੰਗ ਰਹੇ ਕੈਦੀਆਂ ਲਈ ਗੁਪਤ ਲੀਗਲ ਫੋਨ ਕਾਲਾਂ ਦਾ ਪ੍ਰਬੰਧ ਨਹੀਂ ਕਰਦੀਆਂ। ਕੈਦੀਆਂ ਨੂੰ ਦਿੱਤੀ ਜਾਂਦੀ ਕਾਨੂੰਨੀ ਸਾਮੱਗਰੀ ਪ੍ਰਾਪਤ ਕਰਨਾ ਔਖਾ ਹੈ, ਅਤੇ ਇਹ ਅੰਗਰੇਜ਼ੀ ਅਤੇ ਸਪੈਨਿਸ਼ ਤੋਂ ਬਿਨਾਂ ਹੋਰ ਜ਼ਬਾਨਾਂ ਵਿਚ ਬਹੁਤ ਘੱਟ ਦਿੱਤੀ ਜਾਂਦੀ ਹੈ, ਅਤੇ ਇਹ ਜਾਣਕਾਰੀ ਪੁਰਾਣੀ ਵੀ ਹੋ ਸਕਦੀ ਹੈ।

ਇਹ ਚੁਣੌਤੀਆਂ ਕੈਦ ਦੇ ਫੈਡਰਲ ਮਿਆਰਾਂ ਕਾਰਨ ਹੋਰ ਵੀ ਵਧ ਜਾਂਦੀਆਂ ਹਨ, ਜੋ ਕਿ ਕ੍ਰਿਮੀਨਲ ਕੈਦੀਆਂ ਲਈ ਬਣਾਏ ਗਏ ਹਨ। ਉਹ ਮਿਆਰ ਇਮੀਗਰੇਸ਼ਨ ਕੈਦ ਵਿਚਲੇ ਵਿਅਕਤੀਆਂ ਦੀਆਂ ਵੱਖਰੀਆਂ ਲੋੜਾਂ ਪੂਰੀਆਂ ਕਰਨ ਵਿਚ ਫੇਲ੍ਹ ਹੁੰਦੇ ਹਨ, ਜਿਵੇਂ ਕਿ ਸਰਕਾਰੀ ਖਰਚੇ ਨਾਲ ਮਿਲਣ ਵਾਲੇ ਵਕੀਲ ਦੀ ਘਾਟ, ਮਾਨਸਿਕ ਸਿਹਤ ਦੇ ਵੱਖਰੇ ਮਸਲੇ, ਅਤੇ ਬੋਲੀ ਅਤੇ ਸਭਿਆਚਾਰ ਦੀਆਂ ਵੱਡੀਆਂ ਰੁਕਾਵਟਾਂ। Cal DOJ ਇਨ੍ਹਾਂ ਰਿਪੋਰਟਾਂ ਰਾਹੀਂ ਇਮੀਗਰੇਸ਼ਨ ਕੈਦ ਦੇ ਮਸਲਿਆਂ ਵਿਚ ਪਾਰਦਰਸ਼ਤਾ ਲਿਆਉਣਾ ਜਾਰੀ ਰੱਖੇਗਾ ਅਤੇ ਇਹ ਇਮੀਗਰੇਸ਼ਨ ਕੈਦੀਆਂ ਲਈ ਹਾਲਤਾਂ ਵਿਚ ਸੁਧਾਰ ਕਰਨ ਲਈ ਥਾਂਵਾਂ ਨਾਲ ਕੰਮ ਕਰਨਾ ਜਾਰੀ ਰੱਖਣ ਦੀ ਉਮੀਦ ਰੱਖਦਾ ਹੈ।